ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ ਆਤਮਾਵਾਂ ਨੂੰ ਆਪਣਾ - ਆਪਣਾ ਰੱਥ ਹੈ, ਮੈਂ ਹਾਂ ਨਿਰਾਕਾਰ, ਮੈਨੂੰ ਵੀ ਕਲਪ ਵਿੱਚ ਇੱਕ ਹੀ ਵਾਰ ਰੱਥ ਚਾਹੀਦਾ ਹੈ, ਮੈਂ ਬ੍ਰਹਮਾ ਦਾ ਅਨੁਭਵੀ ਬੁੱਢਾ ਰੱਥ ਉਦਾਰ ਲੈਂਦਾ ਹਾਂ"

ਪ੍ਰਸ਼ਨ:- ਕਿਸ ਨਿਸ਼ਚੇ ਦੇ ਆਧਾਰ ਤੇ ਸ਼ਰੀਰ ਦਾ ਭਾਨ ਭੁੱਲਣਾ ਅਤਿ ਸਹਿਜ ਹੈ?

ਉੱਤਰ:- ਤੁਸੀਂ ਬੱਚਿਆਂ ਨੇ ਨਿਸ਼ਚੇ ਨਾਲ ਕਿਹਾ - ਬਾਬਾ, ਅਸੀਂ ਤੁਹਾਡੇ ਬਣ ਗਏ, ਤਾਂ ਬਾਪ ਦਾ ਬਣਨਾ ਮਾਨਾ ਹੀ ਸ਼ਰੀਰ ਦਾ ਭਾਨ ਭੁੱਲਣਾ। ਜਿਵੇਂ ਸ਼ਿਵਬਾਬਾ ਇਸ ਰੱਥ ਵਿੱਚ ਆਉਂਦਾ ਅਤੇ ਚਲਾ ਜਾਂਦਾ, ਇਵੇਂ ਤੁਸੀਂ ਬੱਚੇ ਵੀ ਪ੍ਰੈਕਟਿਸ ਕਰੋ ਇਸ ਰੱਥ ਤੇ ਆਉਣ- ਜਾਣ ਦੀ। ਅਸ਼ਰੀਰੀ ਬਣਨ ਦਾ ਅਭਿਆਸ ਕਰੋ। ਇਸ ਵਿੱਚ ਮੁਸ਼ਕਿਲ ਦਾ ਅਨੁਭਵ ਨਹੀਂ ਹੋਣਾ ਚਾਹੀਦਾ। ਆਪਣੇ ਨੂੰ ਨਿਰਾਕਾਰੀ ਆਤਮਾ ਸਮਝ ਬਾਪ ਨੂੰ ਯਾਦ ਕਰੋ।

ਗੀਤ:- ਓਮ ਨਮੋ ਸਿਵਾਏ...

ਓਮ ਸ਼ਾਂਤੀ। ਸ਼ਿਵਬਾਬਾ ਬੱਚਿਆਂ ਨੂੰ ਇਸ ਬ੍ਰਹਮਾ ਦੇ ਰੱਥ ਦਵਾਰਾ ਸਮਝਾਉਂਦੇ ਹਨ ਕਿਉਂਕਿ ਬਾਪ ਬੱਚਿਆਂ ਕੋਲੋਂ ਹੀ ਪੁੱਛਦੇ ਹਨ ਮੈਨੂੰ ਆਪਣਾ ਰੱਥ ਤਾਂ ਹੈ ਨਹੀਂ। ਮੈਨੂੰ ਰੱਥ ਤੇ ਜਰੂਰ ਚਾਹੀਦਾ ਹੈ। ਜਿਵੇਂ ਤੁਸੀਂ ਹਰ ਇੱਕ ਆਤਮਾ ਨੂੰ ਆਪਣਾ - ਆਪਣਾ ਰੱਥ ਹੈ ਨਾ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਵੀ ਸੂਕ੍ਸ਼੍ਮ ਸ਼ਰੀਰ ਹੈ ਨਾ। ਲਕਸ਼ਮੀ - ਨਾਰਾਇਣ ਆਦਿ ਸਭ ਆਤਮਾਵਾਂ ਨੂੰ ਸ਼ਰੀਰ ਰੂਪੀ ਰੱਥ ਹੈ ਜਰੂਰ, ਜਿਸਨੂੰ ਅਸ਼ਵ ਕਿਹਾ ਜਾਂਦਾ ਹੈ। ਹਨ ਤਾਂ ਮਨੁੱਖ ਨਾ। ਮਨੁੱਖਾਂ ਦੀ ਹੀ ਗੱਲ ਸਮਝਾਈ ਜਾਂਦੀ ਹੈ, ਜਾਨਵਰਾਂ ਦੀਆਂ ਗੱਲਾਂ ਜਾਨਵਰ ਜਾਨਣ। ਇੱਥੇ ਤਾਂ ਮਨੁੱਖ ਸ੍ਰਿਸ਼ਟੀ ਹੈ ਤਾਂ ਬਾਪ ਵੀ ਮਨੁੱਖਾਂ ਨੂੰ ਬੈਠ ਸਮਝਾਉਂਦੇ ਹਨ। ਮਨੁੱਖਾਂ ਵਿੱਚ ਵੀ ਜੋ ਆਤਮਾ ਹੈ, ਉਹਨਾਂ ਨੂੰ ਬੈਠ ਸਮਝਾਉਂਦੇ ਹਨ। ਡਾਇਰੈਕਟ ਪੁੱਛਦੇ ਹਨ ਤੁਸੀਂ ਹਰ ਇੱਕ ਨੂੰ ਆਪਣਾ - ਆਪਣਾ ਸ਼ਰੀਰ ਹੈ ਨਾ। ਹਰ ਇੱਕ ਆਤਮਾ ਸ਼ਰੀਰ ਲੈਂਦੀ ਹੈ ਅਤੇ ਛੱਡਦੀ ਹੈ। ਮਨੁੱਖ ਤੇ ਕਹਿ ਦਿੰਦੇ ਹਨ ਕਿ ਆਤਮਾ 84 ਲੱਖ ਜਨਮ ਲੈਂਦੀ ਹੈ। ਇਹ ਭੁੱਲ ਹੈ ਜਦੋਂਕਿ ਤੁਸੀਂ 84 ਜਨਮ ਲੈਕੇ ਬਿਲਕੁਲ ਹੀ ਫਾਂ ਹੋ ਗਏ ਹੋ। (ਥੱਕ ਗਏ ਹੋ), ਕਿੰਨੇ ਤੰਗ ਹੋ ਗਏ ਹੋ। ਤਾਂ 84 ਲੱਖ ਜਨਮਾਂ ਦੀ ਗੱਲ ਹੀ ਨਹੀਂ। ਇਹ ਹੈ ਮਨੁੱਖਾਂ ਦੇ ਗਪੌੜੇ। ਤਾਂ ਬਾਪ ਸਮਝਾਉਂਦੇ ਹਨ ਤੁਸੀਂ ਆਤਮਾਵਾਂ ਦਾ ਵੀ ਆਪਣਾ - ਆਪਣਾ ਰੱਥ ਹੈ। ਮੈਨੂੰ ਵੀ ਤੇ ਰੱਥ ਚਾਹੀਦਾ ਹੈ ਨਾ। ਮੈਂ ਤੁਹਾਡਾ ਬੇਹੱਦ ਦਾ ਬਾਪ ਹਾਂ। ਗਾਉਂਦੇ ਵੀ ਹਨ ਪਤਿਤ - ਪਾਵਨ, ਗਿਆਨ ਦਾ ਸਾਗਰ... ਤੁਸੀਂ ਹੋਰ ਕਿਸੇ ਨੂੰ ਪਤਿਤ - ਪਾਵਨ ਨਹੀਂ ਕਹੋਗੇ। ਲਕਸ਼ਮੀ - ਨਾਰਾਇਣ ਆਦਿ ਨੂੰ ਵੀ ਨਹੀਂ ਕਹੋਗੇ। ਪਤਿਤ ਸ੍ਰਿਸ਼ਟੀ ਨੂੰ ਪਾਵਨ ਬਣਾਉਣ ਵਾਲਾ ਮਤਲਬ ਪਾਵਨ ਸ੍ਰਿਸ਼ਟੀ ਸਵਰਗ ਦਾ ਰਚਿਯਤਾ, ਪਰਮਪਿਤਾ ਪਰਮਾਤਮਾ ਬਿਗਰ ਕੋਈ ਹੋ ਨਹੀਂ ਸਕਦਾ। ਸੁਪ੍ਰੀਮ ਫਾਦਰ ਉਹ ਹੀ ਹੈ। ਬਾਪ ਜਾਣਦੇ ਹਨ ਤੁਸੀਂ ਨੰਬਰਵਾਰ ਪੱਥਰਬੁੱਧੀ ਤੋਂ ਪਾਰਸ ਬੁੱਧੀ ਬਣ ਰਹੇ ਹੋ। ਬਾਹਰ ਵਾਲੇ ਮਨੁੱਖ ਇਹ ਨਹੀਂ ਜਾਣਦੇ। ਤਾਂ ਬਾਪ ਸਮਝਾਉਂਦੇ ਹਨ ਮੈਨੂੰ ਵੀ ਜਰੂਰ ਰਥ ਤਾਂ ਚਾਹੀਦਾ ਹੈ ਨਾ। ਮੈਨੂੰ ਪਤਿਤ - ਪਾਵਨ ਨੂੰ ਜਰੂਰ ਪਤਿਤ ਦੁਨੀਆਂ ਵਿੱਚ ਆਉਣਾ ਪਵੇ ਨਾ। ਪਲੇਗ ਦੀ ਬਿਮਾਰੀ ਹੁੰਦੀ ਹੈ ਤਾਂ ਡਾਕਟਰ ਨੂੰ ਪਲੇਗੀਆਂ ਦੇ ਕੋਲ ਆਉਣਾ ਪਵੇਗਾ। ਬਾਪ ਕਹਿੰਦੇ ਹਨ ਤੁਹਾਡੇ ਵਿੱਚ 5 ਵਿਕਾਰਾਂ ਦੀ ਬਿਮਾਰੀ ਅੱਧਾਕਲਪ ਦੀ ਹੈ। ਮਨੁੱਖ ਤੇ ਦੁੱਖ ਦੇਣ ਵਾਲੇ ਹਨ। ਇਹਨਾਂ 5 ਵਿਕਾਰਾਂ ਨਾਲ ਤੁਸੀਂ ਬਿਲਕੁਲ ਹੀ ਪਤਿਤ ਬਣ ਗਏ ਹੋ। ਤਾਂ ਬਾਪ ਸਮਝਾਉਂਦੇ ਹਨ ਮੈਨੂੰ ਪਤਿਤ ਦੁਨੀਆਂ ਵਿੱਚ ਆਉਣਾ ਪਵੇਗਾ ਨਾ। ਪਤਿਤ ਨੂੰ ਹੀ ਭ੍ਰਿਸ਼ਟਾਚਾਰੀ ਕਿਹਾ ਜਾਂਦਾ ਹੈ, ਪਾਵਨ ਨੂੰ ਸ਼੍ਰੇਸਠਾਚਾਰੀ ਕਹਾਂਗੇ। ਬਰੋਬਰ ਤੁਹਾਡਾ ਭਾਰਤ ਪਾਵਨ ਸ਼੍ਰੇਸ਼ਠਾਚਾਰੀ ਸੀ, ਲਕਸ਼ਮੀ - ਨਾਰਾਇਣ ਦਾ ਰਾਜ ਸੀ। ਜਿਸਦੀ ਹੀ ਮਹਿਮਾ ਗਾਉਦੇ ਹਨ ਸਰਵਗੁਣ ਸੰਪੰਨ... ਉੱਥੇ ਸਭ ਸੁਖੀ ਸਨ। ਇਹ ਤੇ ਕਲ ਦੀ ਗੱਲ ਹੈ। ਤਾਂ ਬਾਪ ਕਹਿੰਦੇ ਹਨ ਮੈਂ ਆਵਾਂ ਤੇ ਕਿਵੇਂ ਆਵਾਂ, ਕਿਸਦੇ ਸ਼ਰੀਰ ਵਿੱਚ ਆਵਾਂ? ਪਹਿਲੇ ਤੇ ਮੈਨੂੰ ਪ੍ਰਜਾਪਿਤਾ ਚਾਹੀਦਾ ਹੈ। ਸੂਕ੍ਸ਼੍ਮਵਤਨ ਵਾਸੀ ਨੂੰ ਇੱਥੇ ਕਿਵੇਂ ਲਿਆ ਸਕਦਾ? ਉਹ ਤਾਂ ਫਰਿਸ਼ਤਾ ਹੈ ਨਾ। ਉਹਨਾਂ ਨੂੰ ਪਤਿਤ ਦੁਨੀਆਂ ਵਿੱਚ ਲੈ ਆਵਾਂ - ਇਹ ਤਾਂ ਦੋਸ਼ ਹੋ ਜਾਏ। ਕਹਿਣਗੇ ਮੈਂ ਕੀ ਗੁਨਾਹ ਕੀਤਾ? ਬਾਪ ਬੜੀਆਂ ਰਮਨੀਕ ਗੱਲਾਂ ਸਮਝਾਉਂਦੇ ਹਨ। ਸਮਝੇਗਾ ਉਹ ਹੀ ਜੋ ਬਾਪ ਦਾ ਬਣਿਆ ਹੋਵੇਗਾ। ਘੜੀ - ਘੜੀ ਬਾਪ ਨੂੰ ਯਾਦ ਕਰਦਾ ਰਹੇਗਾ।

ਬਾਪ ਕਹਿੰਦੇ ਹਨ ਮੈਂ ਆਉਂਦਾ ਹੀ ਉਦੋਂ ਹਾਂ ਜਦੋਂ ਧਰਤੀ ਤੇ ਪਾਪ ਵੱਧ ਜਾਂਦਾ ਹੈ। ਕਲਿਯੁਗ ਵਿੱਚ ਮਨੁੱਖ ਕਿੰਨੇ ਪਾਪ ਕਰਦੇ ਹਨ। ਤਾਂ ਬਾਪ ਪੁੱਛਦੇ ਹਨ - ਬੱਚੇ, ਦੱਸੋ ਮੈਂ ਆਵਾਂ ਤੇ ਕਿਸ ਤਨ ਵਿੱਚ ਆਵਾਂ? ਮੈਨੂੰ ਚਾਹੀਦਾ ਵੀ ਜਰੂਰ ਬੁੱਢਾ ਅਨੁਭਵੀ ਰੱਥ। ਇਹ ਜੋ ਮੈਂ ਰੱਥ ਲਿਆ ਹੈ, ਬਰੋਬਰ ਇਹਨਾਂ ਨੇ ਬਹੁਤ ਗੁਰੂ ਕੀਤੇ ਹੋਏ ਹਨ ਸ਼ਾਸਤਰ ਆਦਿ ਪੜ੍ਹਿਆ ਹੋਇਆ ਹੈ। ਇਹ ਵੀ ਲਿਖਿਆ ਹੋਇਆ ਹੈ ਨਾ ਕਿ ਬਹੁਤ ਪੜ੍ਹਿਆ ਹੋਇਆ ਸੀ। ਅਰਜੁਨ ਦੀ ਗੱਲ ਨਹੀਂ। ਮੈਨੂੰ ਕੋਈ ਅਰਜੁਨ ਜਾਂ ਕ੍ਰਿਸ਼ਨ ਦਾ ਰੱਥ ਥੋੜੀ ਹੀ ਚਾਹੀਦਾ ਹੈ। ਮੈਨੂੰ ਤੇ ਚਾਹੀਦਾ ਹੈ ਬ੍ਰਹਮਾ ਦਾ ਰੱਥ, ਉਹਨਾਂ ਨੂੰ ਹੀ ਪ੍ਰਜਾਪਿਤਾ ਕਹਾਂਗੇ। ਕ੍ਰਿਸ਼ਨ ਨੂੰ ਤਾਂ ਪ੍ਰਜਾਪਿਤਾ ਨਹੀਂ ਕਹਾਂਗੇ। ਬਾਪ ਨੂੰ ਤੇ ਬ੍ਰਹਮਾ ਦਾ ਰਥ ਚਾਹੀਦਾ ਹੈ ਜਿਸਨਾਲ ਬ੍ਰਾਹਮਣਾਂ ਦੀ ਪ੍ਰਜਾ ਰਚਨ। ਬ੍ਰਾਹਮਣਾਂ ਦਾ ਹੈ ਸਰਵੋਤਮ ਕੁਲ। ਵਿਰਾਟ ਰੂਪ ਦਿਖਾਉਂਦੇ ਹਨ ਨਾ। ਦੇਵਤਾ ਸ਼ਤ੍ਰੀ, ਵੈਸ਼, ਸ਼ੂਦ੍ਰ, ਬਾਕੀ ਬ੍ਰਾਹਮਣ ਕਿੱਥੇ ਗਏ? ਇਹ ਕਿਸੇਨੂੰ ਵੀ ਪਤਾ ਨਹੀਂ। ਉੱਚ ਤੇ ਉੱਚ ਹੈ ਬ੍ਰਾਹਮਣਾਂ ਦੀ ਚੋਟੀ। ਚੋਟੀ ਹੋਵੇ ਤਾਂ ਹੀ ਸਮਝਿਆ ਜਾਂਦਾ ਹੈ ਕਿ ਇਹ ਬ੍ਰਾਹਮਣ ਹਨ। ਸੱਚੀ - ਸੱਚੀ ਚੋਟੀ ਤੇ ਤੁਹਾਡੀ ਹੈ। ਤੁਸੀਂ ਰਾਜਰਿਸ਼ੀ ਹੋ, ਵੱਡੀ ਚੋਟੀ ਵਾਲੇ। ਰਿਸ਼ੀ

ਉਹਨਾਂ ਨੂੰ ਕਿਹਾ ਜਾਂਦਾ ਹੈ ਜੋ ਪਵਿੱਤਰ ਹਨ। ਤੁਸੀਂ ਹੋ ਰਾਜਯੋਗੀ, ਰਾਜਰਿਸ਼ੀ। ਰਾਜਾਈ ਦੇ ਲਈ ਤਪੱਸਿਆ ਕਰ ਰਹੇ ਹੋ। ਉਹ ਮੁਕਤੀ ਦੇ ਲਈ ਹਠਯੋਗ ਦੀ ਤਪੱਸਿਆ ਕਰਦੇ ਹਨ, ਤੁਸੀਂ ਜੀਵਨਮੁਕਤੀ, ਰਾਜਾਈ ਦੇ ਲਈ ਰਾਜਯੋਗ ਦੀ ਤਪੱਸਿਆ ਕਰ ਰਹੇ ਹੋ। ਤੁਹਾਡਾ ਨਾਮ ਹੀ ਹੈ ਸ਼ਿਵ ਸ਼ਕਤੀ। ਸ਼ਿਵਬਾਬਾ ਤੁਹਾਨੂੰ ਰਿਇਨਕਾਰਨੇਟ ਕਰਦੇ ਹਨ। ਤਾਂ ਤੁਸੀਂ ਫਿਰ ਤੋਂ ਭਾਰਤ ਵਿੱਚ ਜਨਮ ਲੈਂਦੇ ਹੋ। ਜਨਮ ਲਿਆ ਹੈ ਨਾ। ਕਿਸੇ ਨਾ ਕਿਸੇ ਨੇ ਭਾਵੇਂ ਜਨਮ ਲਿਆ ਹੈ ਪਰ ਸਮਝਦੇ ਨਹੀਂ ਕਿ ਅਸੀਂ ਸ਼ਿਵਬਾਬਾ ਦੇ ਬਣੇ ਹਾਂ, ਉਹਨਾਂ ਦੇ ਕੋਲ ਜਨਮ ਲਿਆ ਹੈ। ਜੇਕਰ ਇਵੇਂ ਸਮਝਣ ਤਾਂ ਸ਼ਰੀਰ ਦਾ ਭਾਨ ਬਿਲਕੁਲ ਹੀ ਨਿਕਲ ਜਾਣਾ ਚਾਹੀਦਾ ਹੈ। ਜਿਵੇਂ ਸ਼ਿਵਬਾਬਾ ਨਿਰਾਕਾਰ ਇਸ ਰੱਥ ਵਿੱਚ ਹਨ, ਤੁਸੀਂ ਵੀ ਆਪਣੇ ਨੂੰ ਨਿਰਾਕਾਰ ਆਤਮਾ ਸਮਝੋ। ਬਾਪ ਕਹਿੰਦੇ ਹਨ - ਬੱਚੇ, ਮੈਨੂੰ ਯਾਦ ਕਰੋ। ਹੁਣ ਵਾਪਿਸ ਘਰ ਚੱਲਣਾ ਹੈ। ਤੁਸੀਂ ਤਾਂ ਪਹਿਲੇ ਅਸ਼ਰੀਰੀ ਸੀ ਫਿਰ ਦੇਵੀ ਅਤੇ ਦੇਵਤਾ ਦਾ ਸ਼ਰੀਰ ਲਿਆ, ਫਿਰ ਸ਼ਤ੍ਰੀ ਸ਼ਰੀਰ, ਫਿਰ ਵੈਸ਼ ਸ਼ਰੀਰ, ਫਿਰ ਸ਼ੂਦ੍ਰ ਸ਼ਰੀਰ ਲਿਆ। ਹੁਣ ਫਿਰ ਤੁਸੀਂ ਅਸ਼ਰੀਰੀ ਬਣੋ। ਤੁਸੀਂ ਮੈਨੂੰ ਨਿਰਾਕਾਰ ਨੂੰ ਹੀ ਕਹਿੰਦੇ ਹੋ - ਬਾਬਾ, ਹੁਣ ਅਸੀਂ ਤੁਹਾਡੇ ਬਣੇ ਹਾਂ, ਸਾਨੂੰ ਵਾਪਿਸ ਜਾਣਾ ਹੈ। ਦੇਹ ਨੂੰ ਤਾਂ ਲੈ ਨਹੀਂ ਚੱਲਣਾ ਹੈ। ਹੇ ਆਤਮਾਵੋ, ਹੁਣ ਮੈਨੂੰ ਸਵੀਟ ਬਾਪ ਨੂੰ ਅਤੇ ਸਵੀਟ ਹੋਮ ਨੂੰ ਯਾਦ ਕਰੋ। ਮਨੁੱਖ ਜਦੋਂ ਵਿਲਾਇਤ ਤੋਂ ਵਾਪਿਸ ਆਉਂਦੇ ਹਨ ਤਾਂ ਕਹਿੰਦੇ ਹਨ - ਚੱਲੋ, ਆਪਣੇ ਸਵੀਟ ਹੋਮ ਭਾਰਤ ਵਿੱਚ ਚਲੀਏ। ਜਿੱਥੇ ਜਨਮ ਲਿਆ ਸੀ ਉੱਥੇ ਮੁੜੀਏ। ਮਨੁੱਖ ਮਰਦੇ ਹਨ ਤਾਂ ਜਿੱਥੇ ਜਨਮ ਲਿਆ ਸੀ ਉਹਨਾਂ ਨੂੰ ਉੱਥੇ ਲੈ ਜਾਂਦੇ ਹਨ। ਸਮਝਦੇ ਹਨ ਭਾਰਤ ਦੀ ਮਿੱਟੀ ਦਾ ਬਣਿਆ ਹੋਇਆ ਤਾਂ ਉਹ ਮਿੱਟੀ ਭਾਰਤ ਵਿੱਚ ਹੀ ਛੱਡਣ।

ਬਾਪ ਕਹਿੰਦੇ ਹਨ ਮੇਰਾ ਜਨਮ ਵੀ ਭਾਰਤ ਵਿੱਚ ਹੈ। ਸ਼ਿਵ ਜਯੰਤੀ ਵੀ ਮਨਾਂਉਦੇ ਹੋ। ਮੇਰੇ ਨਾਮ ਤਾਂ ਢੇਰ ਰੱਖ ਦਿੱਤੇ ਹਨ। ਕਹਿੰਦੇ ਹਨ ਹਰ - ਹਰ ਮਹਾਦੇਵ, ਸਭਦੇ ਦੁੱਖ ਕੱਟਣ ਵਾਲਾ, ਉਹ ਵੀ ਮੈਂ ਹੀ ਹਾਂ, ਸ਼ੰਕਰ ਨਹੀਂ ਹੈ। ਬ੍ਰਹਮਾ ਸਰਵਿਸ ਤੇ ਹਾਜ਼ਿਰ ਹੈ। ਹੋਰ ਫਿਰ ਜੋ ਸਥਾਪਨਾ ਕਰਦੇ ਹਨ ਉਹ ਹੀ ਵਿਸ਼ਨੂੰ ਦੇ ਦੋ ਰੂਪ ਨਾਲ ਪਾਲਣਾ ਕਰਨਗੇ। ਮੈਨੂੰ ਪ੍ਰਜਾਪਿਤਾ ਬ੍ਰਹਮਾ ਜਰੂਰ ਚਾਹੀਦਾ ਹੈ। ਆਦਿ ਦੇਵ ਦਾ ਬਰੋਬਰ ਮੰਦਿਰ ਵੀ ਹੈ। ਆਦਿ ਦੇਵ ਕਿਸਦਾ ਬੱਚਾ ਹੈ? ਕੋਈ ਦੱਸੇ, ਉਹਨਾਂ ਦਾ ਬਾਪ ਕੌਣ ਸੀ? ਆਦਿ ਦੇਵ ਪ੍ਰਜਾਪਿਤਾ ਬ੍ਰਹਮਾ ਹੈ, ਉਹਨਾਂ ਦਾ ਬਾਪ ਹੈ ਸ਼ਿਵ। ਇਹ ਜਗਤਪਿਤਾ, ਜਗਤ ਅੰਬਾ ਦਾ ਯਾਦਗਾਰ ਮੰਦਿਰ ਹੈ। ਇਸ ਆਦਿ ਦੇਵ ਬ੍ਰਹਮਾ ਦੇ ਰੱਥ ਵਿੱਚ ਬਾਪ ਨੇ ਬੈਠ ਗਿਆਨ ਸੁਣਾਇਆ ਹੈ। ਕੋਠਰੀ ਵਿੱਚ ਸਭ ਬੱਚੇ ਬੈਠੇ ਹਨ। ਸਭ ਦੇ ਮੰਦਿਰ ਨਹੀਂ ਬਣਾਉਣਗੇ। ਮੁਖ ਹੈ 108 ਦੀ ਮਾਲਾ, ਤਾਂ 108 ਕੋਠਰੀਆ ਬਣਾ ਦਿੱਤੀਆਂ ਹਨ। 108 ਦੀ ਪੂਜਾ ਹੁੰਦੀ ਹੈ। ਮੁਖ ਹੈ ਸ਼ਿਵਬਾਬਾ ਫਿਰ ਬ੍ਰਹਮਾ - ਸਰਸਵਤੀ ਯੁਗਲ। ਉਹ ਸ਼ਿਵਬਾਬਾ ਹੈ ਫੁੱਲ। ਉਹਨਾਂ ਨੂੰ ਆਪਣਾ ਸ਼ਰੀਰ ਨਹੀਂ ਹੈ। ਬ੍ਰਹਮਾ - ਸਰਸਵਤੀ ਨੂੰ ਆਪਣਾ ਸ਼ਰੀਰ ਹੈ। ਮਾਲਾ ਸ਼ਰੀਰਧਾਰੀਆਂ ਦੀ ਬਣੀ ਹੋਈ ਹੈ। ਸਭ ਮਾਲਾ ਨੂੰ ਪੂਜਦੇ ਹਨ। ਪੂਜਕੇ ਪੂਰਾ ਕਰਨਗੇ ਫਿਰ ਸ਼ਿਵਬਾਬਾ ਨੂੰ ਨਮਸਕਾਰ ਕਰਨਗੇ, ਮੱਥਾ ਝੁਕਾਉਣਗੇ ਕਿਉਂਕਿ ਉਸਨੇ ਸਭਨੂੰ ਪਤਿਤ ਤੋਂ ਪਾਵਨ ਬਣਾਇਆ ਹੈ ਇਸਲਈ ਪੂਜੀ ਜਾਂਦੀ ਹੈ। ਮਾਲਾ ਹੱਥ ਵਿੱਚ ਲੈ ਬੈਠ ਰਾਮ - ਰਾਮ ਕਹਿੰਦੇ ਹਨ। ਪਰਮਪਿਤਾ ਪਰਮਾਤਮਾ ਦੇ ਨਾਮ ਦਾ ਕਿਸੇਨੂੰ ਪਤਾ ਨਹੀਂ ਹੈ। ਸ਼ਿਵਬਾਬਾ ਹੈ ਮੁਖ ਫਿਰ ਪ੍ਰਜਾਪਿਤਾ ਬ੍ਰਹਮਾ ਅਤੇ ਸਰਸਵਤੀ ਵੀ ਮੁਖ ਹੈ। ਬਾਕੀ ਬ੍ਰਹਮਾਕੁਮਾਰ - ਕੁਮਾਰੀਆਂ ਜੋ - ਜੋ ਪੁਰਸ਼ਾਰਥ ਕਰਦੇ ਰਹਿੰਦੇ ਹਨ ਉਹਨਾਂ ਦੇ ਨਾਮ ਹੋਣਗੇ। ਅੱਗੇ ਚਲ ਤੁਸੀਂ ਸਭ ਦੇਖਦੇ ਰਹੋਗੇ। ਜਦੋਂ ਪਿਛਾੜੀ ਹੋਵੇਗੀ ਉਦੋਂ ਤੁਸੀਂ ਇੱਥੇ ਆਕੇ ਰਹੋਗੇ। ਜੋ ਪੱਕੇ ਯੋਗੀ ਹੋਣਗੇ ਉਹ ਹੀ ਰਹਿ ਸਕਣਗੇ। ਭੋਗੀ ਤਾਂ ਥੋੜ੍ਹਾ ਠਕਾ ਸੁਣਨ ਨਾਲ ਖ਼ਤਮ ਹੋ ਜਾਣਗੇ। ਕਿਸੇ ਦਾ ਅਪ੍ਰੇਸ਼ਨ ਦੇਖਣ ਨਾਲ ਵੀ ਮਨੁੱਖ ਅਣਕਾਂਨਸੇਸ ਹੋ ਜਾਂਦੇ ਹਨ। ਹੁਣ ਪਾਰਟੀਸ਼ਨ ਵਿੱਚ ਕਿੰਨੇ ਮਨੁੱਖ ਮਰੇ। ਉਹ ਲੋਕ ਤਾਂ ਗਪੌੜੇ ਮਾਰਦੇ ਰਹਿੰਦੇ ਹਨ ਕਿ ਸਾਡੇ ਬਿਗਰ ਕਿਸੇ ਲੜਾਈ ਰਾਜ ਲੈ ਲਿਆ। ਪਰ ਮਰੇ ਇੰਨੇ ਜੋ ਗੱਲ ਨਾ ਪੁੱਛੋ। ਇਹ ਹੈ ਹੀ ਝੂਠੀ ਮਾਇਆ... ਹੁਣ ਸੱਚਾ ਬਾਪ ਬੈਠ ਤੁਹਾਨੂੰ ਸੱਚ ਸੁਣਾਉਂਦੇ ਹਨ। ਬਾਪ ਕਹਿੰਦੇ ਹਨ ਮੈਨੂੰ ਰੱਥ ਤੇ ਜਰੂਰ ਚਾਹੀਦਾ ਹੈ। ਮੈਂ ਸਾਜਨ ਵੱਡਾ ਹਾਂ ਤਾਂ ਸਜਨੀ ਵੀ ਵੱਡੀ ਚਾਹੀਦੀ ਹੈ। ਸਰਸਵਤੀ ਹੈ ਬ੍ਰਹਮਾ ਮੁਖ ਵੰਸ਼ਾਵਲੀ। ਉਹ ਕੋਈ ਬ੍ਰਹਮਾ ਦੀ ਯੁਗਲ ਨਹੀਂ ਹੈ, ਬ੍ਰਹਮਾ ਦੀ ਬੇਟੀ ਹੈ। ਉਹਨਾਂ ਨੂੰ ਫਿਰ ਜਗਤ ਅੰਬਾ ਕਿਉਂ ਕਹਿੰਦੇ ਹਨ? ਕਿਉਂਕਿ ਇਹ ਮੇਲ ਹੈ ਨਾ, ਤਾਂ ਮਾਤਾਵਾਂ ਦੀ ਸੰਭਾਲ ਦੇ ਲਈ ਉਹਨਾਂ ਨੂੰ ਰੱਖਿਆ ਹੈ। ਬ੍ਰਹਮਾ ਮੁਖ ਵੰਸ਼ਾਵਲੀ ਸਰਸਵਤੀ ਤੇ ਬ੍ਰਹਮਾ ਦੀ ਬੇਟੀ ਹੋ ਗਈ। ਮੰਮਾ ਤਾਂ ਜਵਾਨ ਹੈ, ਬ੍ਰਹਮਾ ਤੇ ਬੁੱਢਾ ਹੈ। ਸਰਸਵਤੀ ਜਵਾਨ, ਬ੍ਰਹਮਾ ਦੀ ਇਸਤਰੀ ਸੋਭਦੀ ਵੀ ਨਹੀਂ। ਹਾਫ਼ ਪਾਟਨਰ ਕਹਿ ਨਹੀਂ ਸਕਦੇ। ਹੁਣ ਤੁਸੀਂ ਸਮਝ ਗਏ ਹੋ। ਤਾਂ ਬਾਪ ਕਹਿੰਦੇ ਹਨ ਮੈਨੂੰ ਇਸ ਬ੍ਰਹਮਾ ਦੇ ਸ਼ਰੀਰ ਦਾ ਲੋਨ ਲੈਣਾ ਪੈਂਦਾ ਹੈ। ਉਧਾਰ ਤੇ ਤਾਂ ਬਹੁਤ ਲੈਂਦੇ ਹਨ। ਬ੍ਰਾਹਮਣਾਂ ਨੂੰ ਖਵਾਉਂਦੇ ਹਨ ਤਾਂ ਉਹ ਆਤਮਾ ਆਕੇ ਬ੍ਰਾਹਮਣ ਦੇ ਸ਼ਰੀਰ ਦਾ ਆਧਾਰ ਲਵੇਗੀ। ਆਤਮਾ ਉਹ ਸ਼ਰੀਰ ਛੱਡਕੇ ਆਉਂਦੀ ਹੈ ਕੀ? ਨਹੀਂ, ਇਹ ਤਾਂ ਬੱਚਿਆਂ ਨੂੰ ਸਮਝਾਇਆ ਗਿਆ ਹੈ ਕਿ ਡਰਾਮੇ ਵਿੱਚ ਸਾਕਸ਼ਾਤਕਾਰ ਦੀ ਰਸਮ - ਰਿਵਾਜ਼ ਪਹਿਲੇ ਤੋਂ ਨੂੰਧ ਹੈ। ਇੱਥੇ ਵੀ ਬੁਲਾਉਂਦੇ ਹਨ। ਇਵੇਂ ਨਹੀਂ ਕਿ ਆਤਮਾ ਸ਼ਰੀਰ ਛੱਡਕੇ ਆਏਗੀ। ਨਹੀਂ, ਇਹ ਡਰਾਮੇ ਵਿੱਚ ਨੂੰਧ ਹੈ। ਬਾਪ ਦੇ ਲਈ ਤਾਂ ਇਹ ਰੱਥ ਨੰਦੀਗਣ ਹੈ। ਨਹੀਂ ਤਾਂ ਸ਼ਿਵ ਦੇ ਮੰਦਿਰ ਵਿੱਚ ਬੈਲ ਕਿਉਂ ਦਿਖਾਉਂਦੇ? ਸੂਕ੍ਸ਼੍ਮ ਵਤਨ ਵਿੱਚ ਸ਼ੰਕਰ ਦੇ ਕੋਲ ਬੈਲ ਕਿਥੋਂ ਤੋਂ ਆਇਆ? ਉੱਥੇ ਤੇ ਹੈ ਹੀ ਬ੍ਰਹਮਾ, ਵਿਸ਼ਨੂੰ ਸ਼ੰਕਰ ਅਤੇ ਉਹ ਯੁਗਲ ਦਿਖਾਉਂਦੇ ਹਨ। ਪ੍ਰਵ੍ਰਿਤੀ ਮਾਰਗ ਦਿਖਾਉਂਦੇ ਹਨ। ਬਾਕੀ ਉੱਥੇ ਜਾਨਵਰ ਕਿਥੋਂ ਤੋਂ ਆਏ? ਮਨੁੱਖਾਂ ਦੀ ਬੁੱਧੀ ਕੁਝ ਵੀ ਕੰਮ ਨਹੀਂ ਕਰਦੀ, ਜੋ ਆਉਂਦਾ ਹੈ ਸੋ ਕਹਿੰਦੇ ਰਹਿੰਦੇ, ਜਿਸਨਾਲ ਵੇਸਟ ਆਫ਼ ਟਾਇਮ, ਵੇਸ੍ਟ ਆਫ਼ ਐਨਰਜ਼ੀ ਹੁੰਦੀ ਹੈ।

ਤੁਸੀਂ ਕਹਿੰਦੇ ਹੋ ਅਸੀਂ ਸੋ ਪਾਵਨ ਦੇਵਤੇ ਸੀ ਫਿਰ ਪੁਨਰਜਨਮ ਲੈਂਦੇ - ਲੈਂਦੇ ਅਸੀਂ ਪਤਿਤ ਪੁਜਾਰੀ ਬਣੇ ਹਾਂ। ਆਪੇ ਹੀ ਪੂਜਯ, ਆਪੇਹੀ ਪੁਜਾਰੀ ਕੋਈ ਭਗਵਾਨ ਨਹੀਂ ਬਣਦਾ। ਉਹਨਾਂ ਨੂੰ ਥੋੜ੍ਹੇਹੈ 84 ਜਨਮ ਲੈਣੇ ਪੈਣਗੇ। ਮਾਇਆ ਨੇ ਮਨੁੱਖਾਂ ਨੂੰ ਬਿਲਕੁਲ ਪਾਰਸਬੁੱਧੀ ਬਣਾ ਦਿੰਦੀ ਹੈ। ਹਮ ਸੋ ਦਾ ਅਰਥ ਇਹ ਨਹੀਂ ਕਿ ਅਸੀਂ ਆਤਮਾ ਸੋ ਪਰਮਾਤਮਾ ਹਾਂ, ਨਹੀਂ। ਹਮ ਸੋ ਬ੍ਰਾਹਮਣ, ਸੋ

ਦੇਵਤਾ ਬਣਾਂਗੇ। ਪੁਨਰਜਨਮ ਲੈਂਦੇ ਆਉਣਗੇ। ਕਿੰਨੀ ਚੰਗੀ ਸਮਝਾਉਣੀ ਹੈ। ਬਾਪ ਕਹਿੰਦੇ ਹੈ ਮੈਂ ਜਿਸ ਵਿੱਚ ਪ੍ਰਵੇਸ਼ ਕੀਤਾ ਹੈ, ਇਸਨੇ ਬਹੁਤ ਗੁਰੂ ਕੀਤੇ, ਸ਼ਾਸ਼ਤਰ ਪੜ੍ਹੇ ਹਨ, ਜਨਮ ਵੀ ਪੂਰੇ 84 ਲਏ ਹੋਏ ਹਨ। ਇਹ ਨਹੀਂ ਜਾਣਦਾ, ਮੈਂ ਤੁਹਾਨੂੰ ਇਹਨਾ ਸਹਿਤ ਦੱਸਦਾ ਹਾਂ। ਬ੍ਰਹਮਾ ਨੂੰ ਵੀ ਦੱਸਦਾ ਹਾਂ। ਸਦੈਵ ਵੀ ਤਾਂ ਸਵਾਰੀ ਨਹੀਂ ਕਰ ਸਕਦਾ ਹਾਂ। ਬ੍ਰਹਮਾ ਮੁਖ ਵੰਸ਼ਾਵਲੀ ਬ੍ਰਾਹਮਣਾਂ ਨੂੰ ਦੱਸਦਾ ਹਾਂ। ਮੈਨੂੰ ਰੱਥ ਵੀ ਚਾਹੀਦਾ ਹੈ ਨਾ। ਤੁਸੀਂ ਬੱਚੇ ਯਾਦ ਕਰਦੇ ਹੋ ਅਤੇ ਮੈਂ ਆ ਜਾਂਦਾ ਹਾਂ। ਮੈਨੂੰ ਤਾਂ ਸਰਵਿਸ ਕਰਨੀ ਹੈ ਤਾਂ ਸ਼੍ਰੀ ਸ਼੍ਰੀ ਸ਼ਿਵ ਦੀ ਮਤ ਨਾਲ ਭਾਰਤ ਪਾਵਨ ਬਣਦਾ ਹੈ। ਨਰਕਵਾਸੀਆਂ ਨੂੰ ਸ਼੍ਰੀ ਸ਼੍ਰੀ ਦਾ ਟਾਇਟਲ ਦੇਣਾ ਰਾਂਗ ਹੈ। ਅੱਗੇ ਸ਼੍ਰੀ ਨਾਮ ਨਹੀਂ ਸੀ। ਹੁਣ ਤਾਂ ਸਭਨੂੰ ਸ਼੍ਰੀ ਮਤਲਬ ਸ਼੍ਰੇਸ਼ਠ ਬਣਾ ਦਿੱਤਾ ਹੈ। ਸ਼੍ਰੀ ਸ਼੍ਰੀ ਤਾਂ ਹੈ ਸ਼ਿਵਬਾਬਾ। ਫਿਰ ਸੂਕਸ਼ਮਵਤਨਵਾਸੀ ਬ੍ਰਹਮਾ, ਵਿਸ਼ਨੂੰ, ਸ਼ੰਕਰ ਫਿਰ ਸ਼੍ਰੀ ਲਕਸ਼ਮੀ - ਨਾਰਾਇਣ। ਇਹ ਸਮਝਣ ਦੀਆਂ ਗੱਲਾਂ ਹਨ। ਨਾਲੇਜ਼ ਬੜੀ ਮਜ਼ੇ ਦੀ ਹੈ। ਪਰ ਕੋਈ - ਕੋਈ ਪੜ੍ਹਦੇ - ਪੜਦੇ ਰਫੂ - ਚੱਕਰ ਹੋ ਜਾਂਦੇ ਹਨ। ਮਾਇਆ ਹੱਥ ਛੁਡਾ ਦਿੰਦੀ ਹੈ। ਦੁਕਾਨ ਵੀ ਨੰਬਰਵਾਰ ਹਨ। ਵੱਡੀਆਂ ਦੁਕਾਨਾਂ ਵਿੱਚ ਜਰੂਰ ਵਧੀਆ ਸੇਲਸਮੈਨ ਹੋਣਗੇ। ਛੋਟੇ - ਛੋਟੇ ਵਿੱਚ ਘੱਟ ਹੋਣਗੇ। ਤਾਂ ਵੱਡੀ ਦੁਕਾਨ ਵਿੱਚ ਜਾਣਾ ਚਾਹੀਦਾ ਜਿੱਥੇ ਮਹਾਰਥੀ ਹੋਣ। ਮਾਤਾਵਾਂ ਨੂੰ ਟਾਇਮ ਬਹੁਤ ਰਹਿੰਦਾ ਹੈ। ਪੁਰਸ਼ਾ ਨੂੰ ਧੰਦਾ ਆਦਿ ਕਰਨਾ ਹੈ ਤਾਂ ਬਿਜ਼ੀ ਰਹਿੰਦੇ ਹਨ। ਮਾਤਾਵਾਂ ਤਾਂ ਫ੍ਰੀ ਹਨ। ਖਾਣਾ ਬਣਾਇਆ ਬਸ। ਉਹ ਫਿਰ ਤੁਹਾਨੂੰ ਬੰਧਨ ਪਾਉਂਦੇ ਹਨ। ਸੁਣਦੇ ਹਨ ਬ੍ਰਹਮਾਕੁਮਾਰੀਆਂ ਕੋਲ ਜਾਣ ਨਾਲ ਵਿਸ਼ ਬੰਦ ਹੋ ਜਾਏਗਾ, ਤਾਂ ਰੋਕਦੇ ਹਨ।

ਸ਼ਿਵਬਾਬਾ ਇਵੇਂ ਤਿਰਕਣੀ (ਫਿਸਨਲਣੇ ਵਾਲੀ) ਚੀਜ਼ ਹੈ ਜੋ ਘੜੀ - ਘੜੀ ਭੁੱਲ ਜਾਂਦੀ ਹੈ। ਬਾਪ ਬਿਲਕੁਲ ਸਹਿਜ ਰਸਤਾ ਦੱਸਦੇ ਹਨ ਕਿ ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਵੀ ਕੱਟ ਜਾਣਗੇ ਅਤੇ ਮੇਰੇ ਕੋਲ ਆ ਜਾਓਗੇ। ਯਾਦ ਨਹੀਂ ਕਰੋਗੇ ਤਾਂ ਪਾਪ ਵੀ ਨਹੀਂ ਕੱਟਣਗੇ ਅਤੇ ਨਾਲ ਵੀ ਨਹੀਂ ਲੈ ਜਾਵਾਂਗਾ। ਫਿਰ ਸਜ਼ਾ ਖਾਣੀ ਪਵੇਗੀ। ਭਗਤੀ ਮਾਰਗ ਵਿੱਚ ਛਾਛ ਪੀਂਦੇ ਆਏ। ਮੱਖਣ ਤਾਂ ਤੁਸੀਂ ਸਤਿਯੁਗ - ਤ੍ਰੇਤਾ ਵਿੱਚ ਖਾਕੇ ਪੂਰਾ ਕਰ ਦਿੱਤਾ। ਬਾਕੀ ਪਿੱਛੇ ਛਾਛ ਰਹਿ ਜਾਂਦੀ ਹੈ। ਛਾਛ ਵੀ ਪਹਿਲੇ ਚੰਗੀ ਮਿਲਦੀ ਹੈ ਫਿਰ ਪਾਣੀ ਮਿਲਦਾ ਹੈ। ਸਤਿਯੁਗ - ਤ੍ਰੇਤਾ ਵਿੱਚ ਘੀ ਦੁੱਧ ਦੀਆ ਨਦੀਆਂ ਵਹਿੰਦੀਆਂ ਹਨ। ਹੁਣ ਤਾਂ ਘੀ ਕਿੰਨਾ ਮਹਿੰਗਾ ਹੋ ਗਿਆ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਰਾਜਰਿਸ਼ੀ ਬਣ ਤਪੱਸਿਆ ਕਰਨੀ ਹੈ। ਪੂਜਨੀਯ ਮਾਲਾ ਵਿੱਚ ਆਉਣ ਦੇ ਲਈ ਬਾਪ ਸਮਾਨ ਸਰਵਿਸ ਕਰਨੀ ਹੈ। ਪੱਕਾ ਯੋਗੀ ਬਣਨਾ ਹੈ।

**2.** ਨਾਲੇਜ਼ ਬੜੀ ਮਜ਼ੇ ਦੀ ਹੈ, ਇਸਲਈ ਰਮਨੀਕਤਾ ਨਾਲ ਪੜ੍ਹਣਾ ਹੈ, ਮੂੰਝਣਾ ਨਹੀਂ ਹੈ।

ਵਰਦਾਨ:- ਵਰੇਇਟੀ ਅਨੁਭੂਤੀਆਂ ਦਵਾਰਾ ਸਦਾ ਉਮੰਗ - ਉਤਸ਼ਾਹ ਨਾਲ ਭਰਪੂਰ ਰਹਿਣ ਵਾਲੇ ਵਿਘਣ ਜਿੱਤ ਭਵ

ਰੋਜ਼ ਅੰਮ੍ਰਿਤਵੇਲੇ ਸਾਰੇ ਦਿਨ ਦੇ ਲਈ ਵਰੇਇਟੀ ਉਮੰਗ - ਉਤਸ਼ਾਹ ਦੀ ਪੁਆਇੰਟਸ ਬੁੱਧੀ ਵਿੱਚ ਇਮਰਜ਼ ਕਰੋ। ਹਰ ਦਿਨ ਦੀ ਮੁਰਲੀ ਨਾਲ ਉਮੰਗ - ਉਤਸ਼ਾਹ ਦੀ ਪੁਆਇੰਟਸ ਨੋਟ ਕਰੋ, ਇਹ ਵਰੇਇਟੀ ਪੁਆਇੰਟਸ ਉਮੰਗ - ਉਤਸ਼ਾਹ ਵਧੇਗੀ। ਮਨੁੱਖ ਆਤਮਾ ਦਾ ਨੇਚਰ ਹੈ ਕਿ ਵਰੇਇਟੀ ਪਸੰਦ ਆਉਂਦੀ ਹੈ ਇਸਲਈ ਭਾਵੇਂ ਗਿਆਨ ਦੀ ਪੁਆਇੰਟਸ ਮਨਨ ਕਰੋ, ਵਰੇਇਟੀ ਰੂਪ ਨਾਲ ਜੀਰੋ ਬਣ ਆਪਣੇ ਹੀਰੋ ਪਾਰ੍ਹ ਦੀ ਸਮ੍ਰਿਤੀ ਵਿੱਚ ਰਹੋ, ਤਾਂ ਉਮੰਗ - ਉਤਸ਼ਾਹ ਨਾਲ ਭਰਪੂਰ ਰਹੋਗੇ ਅਤੇ ਸਭ ਵਿਘਣ ਸਹਿਜ ਸਮਾਪਤ ਹੋ ਜਾਣਗੇ।

ਸਲੋਗਨ:- ਆਪਣੀ ਅਵਸਥਾ ਨੂੰ ਇਵੇਂ ਸ਼ਾਂਤ ਚਿਤ ਬਣਾ ਲਵੋ ਜੋ ਕ੍ਰੋਧ ਦਾ ਭੂਤ ਦੂਰ ਤੋਂ ਹੀ ਭੱਜ ਜਾਵੇਗਾ।

******